**ਸ਼੍ਰੇਣੀ- ਪੰਜਵੀਂ**

**ਗਣਿਤ**

**ਸਮਾਂ 3 ਘੰਟੇ** | **ਲਿਖਤੀ : 80 ਅੰਕ**

**ਸੀ.ਸੀ.ਈ : 20 ਅੰਕ**

**ਕੁੱਲ : 100 ਅੰਕ**

**ਪਾਠਕ੍ਰਮ(2025-26)**

**ਰੇਖਾ ਗਣਿਤ**

**ਆਕ੍ਰਿਤੀਆਂ ਅਤੇ ਇਹਨਾਂ ਦਾ ਵਿੱਥਮਈ ਗਿਆਨ**

- **2-D** ਵਿੱਚ ਇੱਕ 3-D ਵਸਤੂ ਦੇ ਦ੍ਰਿਸ਼ ਨੂੰ ਮਹਿਸੂਸ ਕਰਨਾ।
- ਨਿਰੀਖਣ ਅਤੇ ਪੇਪਰ ਮੋੜਨ ਦੁਆਰਾ ਬਣੇ ਇੱਕ ਕੋਣ ਨੂੰ ਮਹਿਸੂਸ ਕਰਨਾ।
- ਆਪਣੇ ਵਾਤਾਵਰਣ ਵਿੱਚੋਂ ਲੰਬ ਕੋਣਾਂ ਨੂੰ ਪਛਾਣਨਾ।
- ਕੋਣਾਂ ਦਾ ਸਮਕੋਣ, ਨਿਊਨ ਅਤੇ ਅਧਿਕ ਕੋਣਾਂ ਵਿੱਚ ਵਰਗੀਕਰਣ।
- ਸਮਕੋਣ, ਨਿਊਨ ਕੋਣ ਅਤੇ ਅਧਿਕ ਕੋਣ ਨੂੰ ਬਣਾ ਕੇ ਅਤੇ ਟਰੇਸ ਕਰਕੇ ਦਰਸਾਉਣਾ।
- ਪਰਿਚਿਤ **2-D** ਆਕ੍ਰਿਤੀਆਂ ਦੇ ਘੁੰਮਣ ਅਤੇ ਪਰਛਾਵੇਂ ਨੂੰ ਅੰਤਰ - ਗਿਆਨ ਦੁਆਰਾ ਖੋਜਣਾ।
- ਪਰਿਚਿਤ 3-D ਆਕ੍ਰਿਤੀਆਂ ਵਿੱਚ ਸਮਮਿਤੀ ਨੂੰ ਅੰਤਰ-ਗਿਆਨ ਦੁਆਰਾ ਖੋਜਣਾ।
- ਜਾਲ, ਖਾਸ ਕਰਕੇ ਜਿਹੜੇ ਇਸ ਮੰਤਵ ਲਈ ਬਣਾਏ ਹਨ, ਦੀ ਵਰਤੋਂ ਕਰਕੇ ਘਣ, ਸਿਲੰਡਰ ਅਤੇ ਕੋਣਾਂ ਦੀਆਂ ਆਕ੍ਰਿਤੀਆਂ ਬਣਾਉਣਾ।

**ਸੰਖਿਆਵਾਂ**

**ਸੰਖਿਆਵਾਂ ਅਤੇ ਕਿਰਿਆਵਾਂ**

- 1000 ਤੋਂ ਵੱਧ ਦੀਆਂ ਸੰਖਿਆਵਾਂ ਵਿੱਚ ਸਥਾਨਕ ਮੁੱਲ ਪਤਾ ਕਰਨਾ।
- ਜੋੜ, ਘਟਾਓ ਅਤੇ ਗੁਣਨ ਐਲਗੋਰਿਥਮ ਵਿੱਚ ਸਥਾਨਕ ਮੁੱਲ ਦੀ ਭੂਮਿਕਾ ਦਾ ਮਹੱਤਵ ਸਮਝਣਾ।
- ਗੈਰ ਰਸਮੀ ਅਤੇ ਮਿਆਰੀ ਵੰਡ ਐਲਗੋਰਿਥਮ ਵਰਤਣਾ।
- ਗੁਣਨਖੰਡਾਂ ਅਤੇ ਗੁਣਜਾਂ ਦੇ ਅਰਥ ਸਮਝਾਉਣਾ।

**ਦਿਮਾਗੀ ਅੰਕ ਗਣਿਤ**

- ਜੋੜਫਲ, ਅੰਤਰ, ਗੁਣਨ ਅਤੇ ਭਾਗਫਲ ਦਾ ਅੰਦਾਜ਼ਾ ਲਗਾਉਣਾ ਅਤੇ ਨਿਕਟੀਕਰਣ ਦੀ ਵਰਤੋਂ ਕਰਕੇ ਪੜਤਾਲ ਕਰਨਾ।

**ਭਿੰਨਾਤਮਕ ਸੰਖਿਆਵਾਂ**

- ਇੱਕ ਸਮੂਹ ਦਾ ਭਿੰਨਾਤਮਕ ਹਿੱਸਾ ਪਤਾ ਕਰਨਾ।
- ਭਿੰਨਾਂ ਦੀ ਤੁਲਨਾ ਕਰਨਾ।
- ਇੱਕ ਤਿੰਨ ਦੀ ਪਰਿਚਿਤ ਭਿੰਨਾਂ ( 1/2, 1/4, 3/4 ਆਦਿ) ਨਾਲ ਨਿਕਟਤਾ ਦੀ ਮਾਤਰਾ ਦਾ ਅੰਦਾਜ਼ਾ ਲਗਾਉਣਾ।
- ਲੰਬਾਈ ਅਤੇ ਧਨ ਦੀਆਂ ਇਕਾਈਆਂ ਦੇ ਸੰਦਰਭ ਵਿੱਚ ਦਸ਼ਮਲਵ ਭਿੰਨਾਂ ਦੀ ਵਰਤੋਂ।
- ਇੱਕ ਦਿੱਤੀ ਭਿੰਨ ਨੂੰ ਦਸ਼ਮਲਵ ਸੰਕੇਤਨ ਵਿੱਚ ਦਰਸਾਉਣਾ ਅਤੇ ਦਸ਼ਮਲਵ ਸੰਕੇਤਨ ਨੂੰ ਭਿੰਨ ਵਿੱਚ ਦਰਸਾਉਣਾ।

**ਧਨ (ਮੁਦਰਾ)**

- ਧਨ ਨਾਲ ਸੰਬੰਧਤ ਸਮੱਸਿਆਵਾਂ ਨੂੰ ਹੱਲ ਕਰਨ ਲਈ ਚਾਰ ਕਿਰਿਆਵਾਂ ਦੀ ਵਰਤੋਂ।

**ਮਾਪ**

**ਲੰਬਾਈ**

- ਸਧਾਰਣ ਰੇਖਾ-ਗਣਿਤਿਕ ਆਕ੍ਰਿਤੀਆਂ ਦਾ ਪਰਿਮਾਪ ਅਤੇ ਖੇਤਰਫਲ ਪਤਾ ਕਰਨਾ।
- ਲੰਬਾਈ, ਭਾਰ ਅਤੇ ਆਇਤਨ ਨਾਲ ਸੰਬੰਧਤ ਸਮੱਸਿਆਵਾਂ ਨੂੰ ਹੱਲ ਕਰਨ ਲਈ ਚਾਰ ਕਿਰਿਆਵਾਂ ਦੀ ਵਰਤੋਂ।
- ਲੰਬਾਈ, ਭਾਰ ਅਤੇ ਆਇਤਨ ਦੀਆਂ ਵੱਡੀਆਂ ਅਤੇ ਛੋਟੀਆਂ ਇਕਾਈਆਂ ਵਰਤ ਕੇ ਸਾਂਝਾ ਸੰਬੰਧ ਜੋੜਨਾ ਅਤੇ ਇੱਕ ਨੂੰ ਦੂਜੇ ਵਿੱਚ ਬਦਲਣਾ।
- ਸਧਾਰਣ ਭਿੰਨਾਂ ਨੂੰ ਰਾਸ਼ੀਆਂ 'ਤੇ ਲਾਗੂ ਕਰਨਾ।
- ਭਿੰਨਾਤਮਕ ਵੱਡੀਆਂ ਇਕਾਈਆਂ ਨੂੰ ਪੂਰਨ ਛੋਟੀਆਂ ਇਕਾਈਆਂ ਵਿੱਚ ਬਦਲਣਾ।
- ਇੱਕ ਠੋਸ ਵਸਤੂ ਦੇ ਆਇਤਨ ਦਾ ਮਹੱਤਵ ਸਮਝਣਾ: ਅੰਤਰ ਗਿਆਨ ਰਾਹੀਂ ਅਤੇ ਅਣ-

ਉਪਚਾਰਕ ਗੈਰ- ਰਸਮੀ) ਮਾਪ ਦੀ ਵੀ ਵਰਤੋਂ ਕਰਕੇ।

- ਸਧਾਰਣ ਹਾਲਤਾਂ ਵਿੱਚ ਸਮਾਂ ਅਵਧੀ ਪਤਾ ਕਰਨ ਵਿੱਚ ਜੋੜ ਅਤੇ ਘਟਾਓ ਦੀ ਵਰਤੋਂ।

**ਅੰਕੜੇ ਬਣਾਉਣਾ**

- ਦੋ ਪਸਾਰੀ ਮਾਤਰਾਤਮਕ ਅੰਕੜੇ ਇਕੱਠੇ ਕਰਨਾ।
- ਅੰਕੜਿਆਂ ਨੂੰ ਇੱਕ ਸਾਰਣੀ ਦੇ ਰੂਪ ਵਿੱਚ ਦਰਸਾਉਣਾ।
- ਅੰਕੜਿਆਂ ਨੂੰ ਛੜ ਗਰਾਫ ਜਾਂ ਚਿੱਤਰ-ਚਿੰਨ੍ਹ ਰਾਹੀਂ ਦਰਸਾਉਣਾ।

**ਨਮੂਨੇ**

- ਵਰਗ ਸੰਖਿਆਵਾਂ, ਤਿਕੋਣਾਕਾਰ ਸੰਖਿਆਵਾਂ ਵਿੱਚ ਨਮੂਨਿਆਂ ਦੀ ਪਹਿਚਾਣ ਕਰਨੀ।
- ਲਗਾਤਾਰ ਵਰਗ ਸੰਖਿਆਵਾਂ ਵਿੱਚ ਟਾਂਕ ਸੰਖਿਆਵਾਂ ਦੇ ਅਨੁਕ੍ਰਮ ਵਿੱਚ ਸੰਬੰਧ।
- ਕਿਨਾਰੀ ਪੱਟੀ ਅਤੇ ਖਪਰੈਲ (ਟਾਇਲ) ਨਮੂਨੇ ਬਣਾਉਣਾ।